# ਗੁਰੂ ਗੋਬਿੰਦ ਸਿੰਘ ਜੀ ਦਾ ਅਕਸ ਘਟਾਉਣ ਦੇ ਕਾਰਨਾਮੇ



ਸਿਰਦਾਰ ਗੁਰਤੇਜ ਸਿੰਘ

# ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਸ਼ਿਵਾ ਜੀ ਅਤੇ ਰਾਣਾ ਪ੍ਰਤਾਪ ਦੀਆਂ ਫ਼ੋਟੋਆਂ ਲਾਉਣ ਦੀ ਜਿੱਦ ਕਿਉਂ

ਗੁਰਤੇਜ ਸਿੰਘ

04/09/2025

## ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ

ਇੱਕ ਵੇਲੇ ਜਦੋਂ ਤਰਲੋਚਨ ਸਿੰਘ ਘੱਟਗਿਣਤੀ ਕਮਿਸ਼ਨ ਦਾ ਅਹੁਦੇਦਾਰ ਸੀ ਤਾਂ ਇਸੇ ਨੇ ਮੈਨੂੰ ਚਿੱਠੀ ਲਿਖੀ ਕਿ ਰਾਸ਼ਟ੍ਰੀਆ ਸ੍ਵਯੰਮ ਸੇਵਕ ਸੰਘ ਸੰਚਾਲਕ ਸਿੱਖਾਂ ਨਾਲ ਸੁਖਾਵੇਂ ਸਬੰਧ ਸਥਾਪਤ ਕਰਨਾ ਚਾਹੁੰਦਾ ਹੈ। ਤੁਸੀਂ ਦੱਸੋ ਕਿ ਉਹ ਕੀ ਕਰੇ ਕਿ ਸਿੱਖ ਰ.ਸ.ਸ. ਨੂੰ ਆਪਣੀ ਦੁਸ਼ਮਣ ਜਮਾਤ ਨਾ ਸਮਝਣ। ਮੈਂ ਪ੍ਰਮੁੱਖ ਤੌਰ ਉੱਤੇ ਦੋ ਵਿਸ਼ਿਆਂ ਬਾਰੇ ਗੱਲ ਕੀਤੀ: (1) ਕਿ ਰ.ਸ.ਸ. ਸਿੱਖ ਧਰਮ ਦੀ ਆਜ਼ਾਦ ਹੋਂਦ ਖਿੜੇ ਮੱਥੇ ਮੰਨੇ ਅਤੇ (2) ਰ.ਸ.ਸ. ਸ਼ਾਖਾਵਾਂ ਵਿੱਚ ਗੁਰੂ ਗੋਬਿੰਦ ਸਿੰਘ ਦੀ ਮਨਘੜਤ ਤਸਵੀਰ ਨੂੰ ਸ਼ਿਵਾਜੀ ਮਰਾਠੇ ਅਤੇ ਰਾਣਾ ਪ੍ਰਤਾਪ ਰਾਜਪੂਤ ਦੀਆਂ ਤਸਵੀਰਾਂ ਦੇ ਬਰਾਬਰ ਲਗਾਉਣਾ ਬੰਦ ਕਰੇ। ਹੋਰ ਵੀ ਕਾਫ਼ੀ ਕੁਝ ਸੀ।

ਸੰਘ ਨੇ ਸਿੱਖੀ ਦੀ ਅੱਡਰੀ ਹੋਂਦ ਨੂੰ ਮੰਨ ਕੇ ਇਸ ਬਾਰੇ ਇੱਕ ਆਮ ਬਿਆਨ ਵੀ ਜਾਰੀ ਕਰ ਦਿੱਤਾ ਸੀ ਪਰ ਦੂਜੇ ਮਸਲੇ ਬਾਰੇ ਚੁੱਪ ਰਿਹਾ। ਸਿੱਖ ਹਮਦਰਦਾਂ ਅਤੇ ਸਿੱਖਾਂ ਦਾ ਫ਼ਰਜ਼ ਹੈ ਕਿ ਇਸ ਮਸਲੇ ਨੂੰ ਦੁਬਾਰਾ ਉਠਾਇਆ ਜਾਵੇ ਅਤੇ ਲਗਾਤਾਰ ਹੋ ਰਹੇ ਕੁਕਰਮ ਵੱਲ ਸੰਘ ਦਾ ਧਿਆਨ ਖਿੱਚਿਆ ਜਾਵੇ।

ਸਿੱਖੀ ਅਕੀਦੇ ਅਨੁਸਾਰ ਅੰਤਿਮ ਸੱਚ ਦੇ ਚਾਰ ਸਰੂਪ ਹਨ ਅਕਾਲ ਪੁਰਖ, (2) ਗੁਰੂ ਗੁਰਬਾਣੀ ਅਤੇ ਸਾਧ ਸੰਗਤ। ਸਾਡਾ ਗੁਰੂ ਦਸ ਜਾਮੇ ਧਾਰਨ ਵਾਲਾ ਗੁਰੂ ਨਾਨਕ ਹੈ। ਅਦੁੱਤੀ ਦਸਮੇਸ਼ ਨੂੰ ਸਿੱਖ, ਹਰ ਅਲੌਕਿਕ ਸਰੂਪ ਸਮੇਤ, ਨਾਨਕ ਤਸਲੀਮ ਕਰਦੇ ਹਨ। ਇਸ ਬੁਨਿਆਦੀ ਅਕੀਦੇ ਨੂੰ ਸਿੱਧ ਕਰਦੇ ਧੁਰ ਕੀ ਬਾਣੀ ਦੇ ਅਨੇਕਾਂ ਫ਼ਰਮਾਨ ਹਨ। ਸ਼ਿਵਾਜੀ ਅਤੇ ਰਾਣਾ ਪ੍ਰਤਾਪ ਆਪਣੇ-ਆਪਣੇ ਦਾਇਰੇ ਵਿੱਚ ਵੱਡੀਆਂ ਹਸਤੀਆਂ ਹਨ ਅਤੇ ਉਹਨਾਂ ਨੂੰ ਮੰਨਣ ਵਾਲਿਆਂ ਦੇ ਅਕੀਦੇ ਅਨੁਸਾਰ ਵੀ ਉਹ ਨਾ ਤਾਂ

ਬ੍ਰਹਮਾ, ਵਿਸ਼ਨੂੰ, ਮਹੇਸ਼ ਸਰੂਪ ਹਨ, ਨਾ ਅਵਤਾਰ; ਨਾ ਦਰੋਪਦੀ ਅਤੇ ਅਨੇਕਾਂ ਹੋਰਾਂ ਵਾਂਗ ਲਘੂ ਅਵਤਾਰ ਜਾਂ ਉਪ-ਅਵਤਾਰ। ਆਖ਼ਰੀ ਤਰਕ ਅਨੁਸਾਰ ਉਹ ਕੇਵਲ ਮਨੁੱਖ ਹਨ ਜਿਹੜੇ ਕਿ ਆਪਣੀ ਨਿੱਜੀ ਸਿਆਸੀ ਸ਼ਕਤੀ ਨੂੰ ਵਧਾਉਣ ਅਤੇ ਬਰਕਰਾਰ ਰੱਖਣ ਲਈ ਜੀਅ-ਜਾਨ ਨਾਲ ਲੜ ਰਹੇ ਸਨ। ਸਿੱਖ ਇਸ ਨੂੰ ਵੀ ਚੰਗਾ ਕਰਮ ਆਖ ਸਕਦੇ ਹਨ ਪਰ ਉਹਨਾਂ ਨੂੰ ਅਧਿਆਤਮਕ ਮਹੱਤਤਾ ਵਾਲੇ ਮਨੁੱਖ ਨਹੀਂ ਮੰਨ ਸਕਦੇ। ਹਿੰਦੂਆਂ ਦਾ ਆਪਣਾ ਵੀ ਕੋਈ ਅਕੀਦਾ ਇਸ ਪੱਧਰ ਦਾ ਨਹੀਂ। ਹਿੰਦੂ ਅਕੀਦੇ ਅਨੁਸਾਰ ਪਰਸ਼ੂਰਾਮ ਵੀ ਉਪ-ਅਵਤਾਰ ਹੈ ਪਰ ਕੇਵਲ ਬ੍ਰਾਹਮਣਾਂ ਲਈ। ਪ੍ਰਮਾਣ ਦੇ ਤੌਰ ਉੱਤੇ ਰਾਮਚਰਿਤਮਾਣਸ ਦਾ ਲਛਮਣ-ਪਰਸ਼ੂਰਾਮ ਸੰਵਾਦ ਪੜ੍ਹਿਆ ਜਾ ਸਕਦਾ ਹੈ।

ਰਾਣਾ ਪ੍ਰਤਾਪ ਬਾਰੇ ਇੱਕ ਗਾਥਾ ਪ੍ਰਚੱਲਿਤ ਹੈ ਕਿ ਇੱਕ ਦਿਨ ਓਸ ਦੇ ਪਰਵਾਰ ਕੋਲ ਕੇਵਲ ਇੱਕ-ਇੱਕ ਰੋਟੀ ਹੀ ਖਾਣ ਲਈ ਸੀ। ਜਦੋਂ ਆਖ਼ਰ ਵਿੱਚ ਓਸ ਦੀ ਛੋਟੀ ਬੇਟੀ ਖਾਣ ਬੈਠੀ ਤਾਂ ਜੰਗਲੀ ਜਾਨਵਰ ਓਸ ਦੇ ਹੱਥੋਂ ਖੋਹ ਕੇ ਲੈ ਗਿਆ। ਇਸ ਘਟਨਾ ਦਾ ਪ੍ਰਤਾਪ ਸਿੰਘ ਉੱਤੇ ਬਹੁਤ ਡੂੰਘਾ ਅਸਰ ਹੋਇਆ ਅਤੇ ਓਸ ਨੇ ਅਕਬਰ ਦੀ ਅਧੀਨਗੀ ਮੰਨਦੀ ਚਿੱਠੀ ਲਿਖ ਕੇ ਅਕਬਰ ਦੇ ਰਿਸ਼ਤੇਦਾਰ ਮਿਰਜ਼ਾ ਰਾਜਾ ਜੈ ਸਿੰਘ ਨੂੰ ਅਕਬਰ ਤੱਕ ਪਹੁੰਚਦੀ ਕਰਨ ਖ਼ਾਤਰ ਭੇਜ ਦਿੱਤੀ। ਜੈ ਸਿੰਘ ਨੇ ਉਹ ਚਿੱਠੀ ਅਕਬਰ ਨੂੰ ਪੁੱਜਦੀ ਨਾ ਕੀਤੀ ਅਤੇ ਪ੍ਰਤਾਪ ਸਿੰਘ ਨੂੰ ਲਿਖ ਭੇਜਿਆ ਕਿ ਉਹ ਜ਼ਮਾਨੇ ਵਿੱਚ ਰਾਜਪੂਤੀ ਅਣਖ ਦਾ ਪ੍ਰਤੀਕ ਸਥਾਪਤ ਹੋ ਚੁੱਕਿਆ ਹੈ ਅਤੇ ਓਸ ਦੇ ਆਤਮ-ਸਮਰਪਣ ਨੇ ਰਾਜਪੂਤੀ ਸ਼ਾਨ ਉੱਤੇ ਸਦਾ ਲਈ ਕਲੰਕ ਲਗਵਾ ਦੇਣਾ ਹੈ। ਇਹਨੀਂ ਦਿਨੀਂ ਬਾਬਾ ਸ੍ਰੀ ਚੰਦ ਦੇ ਦਿੱਤੇ ਧਰਵਾਸ ਨੇ ਵੀ ਪ੍ਰਤਾਪ ਸਿੰਘ ਨੂੰ ਸਦਮੇ ਵਿੱਚੋਂ ਉੱਭਰਨ ਦੀ ਸ਼ਕਤੀ ਬਖ਼ਸ਼ੀ। ਰਾਣਾ ਜੀ ਦਾ ਇਸ ਕਦਰ ਵਿਚਲਿਤ ਹੋਣਾ ਸਿੱਖੀ

ਕਦਰਾਂ-ਕੀਮਤਾਂ ਅਨੁਸਾਰ ਸਨਮਾਨਯੋਗ ਨਹੀਂ। ਪਰ ਅਸੀਂ ਸਿੱਖ ਉਸ ਦੇ ਉਲਾਦ ਪ੍ਰਤੀ ਇਨਸਾਨੀ ਜਜ਼ਬੇ ਦੀ ਕਦਰ ਕਰਦੇ ਹਾਂ ਅਤੇ ਕਿਸੇ ਵੀ ਪੱਖੋਂ ਭੰਡਣ ਜਾਂ ਨਕਾਰਨ ਲਈ ਤਿਆਰ ਨਹੀਂ। ਵਲੀਆਂ, ਪੀਰਾਂ, ਅਵਤਾਰਾਂ ਉੱਤੇ ਇਸ ਤੋਂ ਵੀ ਬੁਰੇ ਸਮੇਂ ਆਏ ਹਨ। ਯਾਦ ਕਰੋ, ਅਸ਼੍ਵਸਪਥਾਮਾਂ ਦੀ ਵੀਰਗਤੀ ਦੀ ਖ਼ਬਰ ਸੁਣ ਕੇ ਕੌਰਵਾਂ ਦੇ ਸੈਨਾਪਤੀ ਆਚਾਰਯ ਦ੍ਰੋਣ ਉੱਤੇ ਕੀ ਬੀਤੀ ਸੀ ਜਾਂ ਫੇਰ ਉਪ-ਅਵਤਾਰ ਅਰਜਨ ਦਾ ਨਾਬਾਲਗ ਅਭਿਮੰਨਯੂ ਦੀ ਵੀਰਗਤੀ ਉੱਤੇ ਕੀ ਹਾਲ ਹੋਇਆ! ਅਨੇਕਾਂ ਹੋਰ ਨਜ਼ੀਰਾਂ ਹਨ।

ਹੁਣ ਯਾਦ ਕਰੋ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ, ਚੜ੍ਹਦੀ ਕਲਾ ਦੇ ਅਵਤਾਰ, ਹਰ ਹਾਲ ਸੰਸਾਰ ਉੱਤੇ ਸੁੱਖ ਵਰਤਾਉਣ ਵਾਲੇ ਅਕਾਲ ਪੁਰਖ ਦਸਮੇਸ਼ ਨੂੰ। ਬੱਚਿਆਂ ਦੇ ਦਰਸ਼ਨ ਨਾ ਪਾ ਕੇ ਵਿਚਲਿਤ ਹੋਈ ਮਾਂ ਨੂੰ ਕੀ ਜੁਆਬ ਦਿੰਦੇ ਹਨ: ‘ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।’ ਜਾਂ ਧਿਆਨ ਧਰੋ ਦਸਮੇਸ਼ ਹੱਥੋਂ ਅੰਮ੍ਰਿਤ ਛੱਕ ਕੇ ਖ਼ਾਲਸਾ ਬਣੇ ਸਾਧ ਦਾ ਜਿਸ ਨੇ ਈਨ ਨਾ ਮੰਨੀ ਪਰ ਲੋਕ-ਹੱਕਾਂ ਲਈ ਘੋਲ ਕਰਦੇ ਨੇ ਆਪਣੇ ਮਾਸੂਮ ਪੁੱਤਰ ਅਜੇ ਸਿੰਘ ਦਾ ਧੜਕਦਾ ਕਾਲਜਾ ਆਪਣੇ ਮੂੰਹ ਵਿੱਚ ਪਵਾ ਕੇ ਵੀ ਅਕਾਲ ਪੁਰਖ ਦਾ, ਲੋਕਾਂ ਦੀ ਸੇਵਾ ਬਖ਼ਸ਼ਣ ਲਈ, ਧੰਨਵਾਦ ਕੀਤਾ। ਯਾਦ ਕਰੋ ਉਹਨਾਂ ਆਮ ਘਰੇਲੂ ਮਾਂਵਾਂ ਨੂੰ ਜਿਨ੍ਹਾਂ ਨੇ ਮੰਨੂੰ ਦੀ ਕੈਦ ਵਿੱਚ ਟੋਟੇ-ਟੋਟੇ ਕੀਤੇ ਪੁੱਤਰਾਂ ਦੇ ਹਾਰ ਗਲ਼ਾਂ ਵਿੱਚ ਪਵਾ ਕੇ ਸ਼ੁਕਰਾਨੇ ਦੇ ਗੀਤ ਗਾਉਂਦਿਆਂ ਸਵਾ-ਸਵਾ ਮਣ ਦੇ ਪੀਸਣੇ ਪੀਸੇ। ਅਲੰਕਾਰ ਦੀ ਏਨੀਂ ਕੁ ਸਾਹਿਤਕ ਸੋਝੀ ਤਾਂ ਅਹਲਿ-ਹਿੰਦ ਨੂੰ ਚਾਹੀਦੀ ਹੈ ਕਿ ਰਾਜਾ ਭੋਜ ਅਤੇ ਗੰਗੂ ਤੇਲੀ ਵਿੱਚ ਫ਼ਰਕ ਪਛਾਣ ਸਕਣ! ਸਾਡਾ ਤਾਂ ਆਮ ਗ੍ਰਹਿਸਤੀ ਸਿੱਖ ਭਾਈ ਜੋਧ ਵੀ ਭਾਣਾ ਮੰਨਣ ਦਾ ਸਬਕ ਸਿਖਾਉਣ ਲਈ ਜਵਾਨ ਪੁੱਤਰ ਲਈ ਸਿੜ੍ਹੀ ਤਿਆਰ ਕਰ

ਰਿਹਾ ਸੀ ਜਿਸ ਦੀ ਸ਼ਾਦੀ ਦੀਆਂ ਸ਼ਹਿਨਾਈਆਂ ਘਰ ਵਿੱਚ ਗੂੰਜ ਰਹੀਆਂ ਸਨ।

ਹੁਣ ਅਗਲੇ ਬਿਰਤਾਂਤ ਵੱਲ ਧਿਆਨ ਧਰੀਏ। ਰਾਣਾ ਪ੍ਰਤਾਪ ਆਪਣੇ ਪਿਤਾ-ਪੁਰਖੀ ਰਾਜ ਨੂੰ ਮਹਿਫ਼ੂਜ਼ ਕਰਨ ਲਈ ਅਥਾਹ ਤਕਲੀਫ਼ਾਂ ਝੱਲ ਰਿਹਾ ਸੀ। ਸ਼ਿਵਾਜੀ ਆਪਣਾ ਪਿਤਾ-ਪੁਰਖੀ ਰਾਜ ਕਾਇਮ ਕਰਨ ਲਈ ਸਾਮ-ਦਾਮ-ਦੰਡ-ਭੇਦ ਨੀਤੀ ਵਰਤ ਰਿਹਾ ਸੀ। ਆਪਣੇ-ਆਪਣੇ ਸਮੇਂ-ਸਥਾਨ ਅਨੁਸਾਰ ਦੋਵਾਂ ਦੀਆਂ ਭਾਵਨਾਵਾਂ ਹਿੰਦੂ ਧਰਮ ਦੇ ਅਸੂਲਾਂ, ਮਾਨਤਾਵਾਂ ਨਾਲ ਮੇਲ ਖਾਂਦੀਆਂ ਸਨ। ਕਿਸੇ ਨੂੰ ਇਸ ਉੱਤੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ, ਨਾ ਸਾਨੂੰ ਹੈ। ਇਹਨਾਂ ਦੋਵਾਂ ਦਾ ਇਹ ਮੁਲਾਂਕਣ ਅਸੀਂ ਆਪਣੇ-ਆਪਣੇ ਇਤਿਹਾਸ-ਸੰਦਰਭ ਅਤੇ ਕਾਲ-ਧਰਮ ਨਾਲ ਮੇਲ ਕੇ, ਕਿਸੇ ਪੱਧਰ ਦਾ ਵੀ ਨਾ ਹੋਣ ਨੂੰ ਵਸਾਰ ਕੇ, ਪੂਰੀ ਫ਼ਰਾਖ਼-ਦਿਲੀ ਨਾਲ ਤਸਲੀਮ ਕਰਦੇ ਹਾਂ।

ਸਿੱਖ ਅਕੀਦੇ ਅਨੁਸਾਰ, ਲੋਕਾਂ ਉੱਤੇ ਵਿਤਕਰਿਆਂ, ਨਫ਼ਰਤਾਂ ਦੇ ਦੁੱਖ ਲੱਦਣ ਲਈ ਅਤੇ ਇੱਕ ਵਿਹਲੜ ਜਮਾਤ ਦੇ ਐਸ਼ੋ-ਆਰਾਮ ਲਈ ਸਿਰਜੀ ਸੱਤਾ ਨੂੰ ਅਸੀਂ ਘਟੀਆ, ਹੇਚ ਮਾਨਸਿਕਤਾ ਦੀ ਉਪਜ ਜਾਣਦੇ ਹਾਂ। ਅਜਿਹੀ ਸੱਤਾ ਦਾ ਵਿਰੋਧ ਕਰਨ ਦੀ ਹਿਦਾਇਤ ਸਾਡੇ ਜੁੱਗੋ ਜੁਗ ਅਟੱਲ ਗੁਰੂ, ਗੁਰੂ ਗ੍ਰੰਥ ਦੇ ਪਹਿਲੇ ਸ਼ਬਦ, ਪਹਿਲੇ ਉਪਦੇਸ਼ ਵਿੱਚ ਕੀਤੀ ਗਈ ਹੈ। ਰਾਣਾ ਜੀ ਦੇ ਰਾਜ ਵਿੱਚ ਰਾਜਸਥਾਨ ਦੀਆਂ ਪ੍ਰਮੁੱਖ ਜਾਤੀਆਂ ਨਾਲ ਕੀ ਵਿਤਕਰਾ ਅਤੇ ਅਨਿਆਂ ਹੁੰਦਾ ਸੀ, ਅਸੀਂ ਜਾਣਦੇ ਹਾਂ। ਕੀ ਅਜਿਹਾ ਰਾਜ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਨੂੰ, ਸੰਸਾਰ ਦੀਆਂ ਸਾਂਝੀਆਂ ਕਦਰਾਂ-ਕੀਮਤਾਂ ਅਨੁਸਾਰ ਵੀ, ਉੱਤਮ ਮਨੁੱਖ ਗਿਣਿਆ ਜਾ ਸਕਦਾ ਹੈ? ਵੈਸੇ ਵੀ ਆਖ਼ਰੀ ਵਿਸ਼ਲੇਸ਼ਣ ਵਿੱਚ ਹਰ ਰਾਜੇ ਦੀ ਛਬੀ ਮਨੁੱਖੀ ਲਹੂ ਚੂਸਣ ਵਾਲੇ ਦਰਿੰਦੇ ਧਾੜਵੀ ਦੀ ਹੀ ਬਣਦੀ ਹੈ। ਕਮ-ਅਜ਼-ਕਮ ਰਾਣਾ ਜੀ ਵਿਰੁੱਧ ਨੀਵੀਂ ਪੱਧਰ ਦੇ ਹੱਥਕੰਡਿਆਂ ਅਤੇ

ਸੁਧਾ ਦਰਿੰਦਗੀ, ਧੋਖਾਧੜੀ, ਵਸਾਹਘਾਤ ਨਾਲ ਰਾਜ ਹਾਸਲ ਕਰਨ ਦੇ ਇਲਜ਼ਾਮ ਤਾਂ ਨਹੀਂ ਲੱਗਦੇ; ਸ਼ਿਵਾਜੀ ਵਿਰੁੱਧ ਤਾਂ ਉਹ ਵੀ ਲੱਗਦੇ ਹਨ। ਸਾਰੇ ਤੱਥ ਉਜਾਗਰ ਕਰਦੇ ਹਨ ਕਿ ਸ਼ਿਵਾਜੀ ਅਤੇ ਰਾਣਾ ਜੀ ਕੇਵਲ ਤਖ਼ਤ ਉੱਤੇ ਪੈਰ ਰੱਖਣ ਲਈ ਜੂਝ ਰਹੇ ਸਨ।

ਰਾਨਾਡੇ ਮਹਾਰਾਸ਼ਟਰ ਵਿੱਚ ਆਈ ਧਾਰਮਿਕ ਜਾਗ੍ਰਿਤੀ ਨੂੰ 'ਵੱਡੀ ਉਥੱਲ ਪੁਥਲ' ("religious upheaval" ਪੰਨਾ 64) ਆਖਦਾ ਹੈ; ਮਹਾਪਤੀ ਦੇ ਹਵਾਲੇ ਨਾਲ ਇਸ ਦਾ ਮੁਲਾਂਕਣ ਕਰਦਾ ਹੈ। ਰਾਬਿੰਦ੍ਰਨਾਥ ਟੈਗੋਰ ਵੀ ਇਸ ਦਾ ਜ਼ਿਕਰ ਕਰਦਾ ਹੈ। ਸਿਵਾਜ਼ੀ ਨੂੰ ਇਸ ਦੀ ਉਪਜ ਪ੍ਰਚਾਰਿਆ ਜਾਂਦਾ ਹੈ। ਪਰ ਗਹੁ ਨਾਲ ਵੇਖਿਆਂ, ਵਾਸ-ਤਵਿਕਤਾ ਵਿੱਚ, ਇਸ ਦਾ ਕਿਧਰੇ ਨਾਂ-ਨਿਸ਼ਾਨ ਨਜ਼ਰ ਨਹੀਂ ਆਉਂਦਾ। ਸ਼ਿਵਾਜੀ ਉੱਤੇ ਵੀ ਕੋਈ ਅਸਰ ਨਹੀਂ ਦਿਸ ਪੈਂਦਾ। ਸੱਚ ਇਹ ਹੈ ਕਿ ਮੁਸਲਮਾਨ ਰਾਜ ਵਿਰੁੱਧ ਜਾਗ੍ਰਿਤੀ, ਡੂੰਘੀ ਭਾਵਨਾ ਜਾਂ ਵਿਚਾਰਧਾਰਾ ਮਹਾਰਾਸ਼ਟਰ ਵਿੱਚ ਵਿਦਮਾਨ ਨਹੀਂ ਸੀ ਬਲਕਿ ਸ਼ਿਵਾਜੀ ਦੀਆਂ ਰਾਜਸੀ ਪ੍ਰਾਪਤੀਆਂ ਨੂੰ ਬਲ ਦੇਣ ਲਈ ਐਸੀ ਜਾਗ੍ਰਿਤੀ ਦਾ ਆਵਿਸ਼ਕਾਰ ਕੀਤਾ ਗਿਆ ਹੈ। ਸ਼ਿਵਾਜੀ ਦੇ ਪਰਵਾਰ ਸਮੇਤ ਬਾਕੀ ਮਰਾਠੇ ਸਾਮੰਤ ਵੀ ਉਪਰੋਕਤ ਭਾਵਨਾ ਤੋਂ ਕੋਰੇ ਸਨ। ਮਾਨਵਭਵ ਸੰਪਰਦਾ ਦਾ ਵੀ ਮਰਾਠਿਆਂ ਨੂੰ, ਅਧਿਆਤਮਕ ਏਕਾ ਕਰਨ ਲਈ ਪ੍ਰੇਰਨਾ ਦੇਣ ਵਿੱਚ ਯੋਗਦਾਨ ਨਹੀਂ ਸੀ। ਸ਼ਿਵਾਜੀ ਅਤੇ ਇਹਨਾਂ ਦੇ ਪੂਰਵਜ ਆਪਣੇ ਸਿਆਸੀ ਜੀਵਨ ਨੂੰ ਮੁਸਲਮਾਨ ਰਾਜਿਆਂ ਦੀ ਸੇਵਾ ਦੇ ਸੰਦਰਭ ਵਿੱਚ ਹੀ ਵੇਖਦੇ ਅਤੇ ਤਰਸਦੇ ਰਹੇ। ਹਿੰਦੂ ਕੱਟੜਵਾਦੀਆਂ ਵਿੱਚ ਦੋਹਾਂ ਵਿਚਾਰਾਂ ਦਾ ਵਿਰੋਧ ਕਾਇਮ ਰਿਹਾ। ਮਾਨਵਭਵ ਲਹਿਰ ਦੇ ਵੱਡੇ ਅਲੰਬਰਦਾਰ ਹਰਪਾਲ ਦੇਵ (ਚੱਕ੍ਰਧਰ) ਨੂੰ (ਲੀਲਾ ਚਰਿਤ੍ਰ 1276 CE ਅਨੁਸਾਰ) ਯਾਦਵ ਸਾਮੰਤ ਹੇਮਾਦ੍ਰੀ ਨੇ, ਜਿਸ ਦਾ ਮਰਾਠਾ ਤਵਾਰੀਖ ਵਿੱਚ ਵੱਡਾ ਰੁਤਬਾ ਹੈ, ਕਤਲ ਕਰਵਾਇਆ

ਸੀ। ਮਰਾਠੇ ਕਦੇ ਵੀ ਸੰਪੂਰਨ ਰਾਸ਼ਟਰ (ਨੇਸ਼ਨ ਸਟੇਟ) ਨਹੀਂ ਸਨ ਕਿਉਂਕਿ ਇਸ ਸੰਕਲਪ ਦਾ ਆਗਾਜ਼ ਉਸ ਵੇਲੇ ਵੀ ਸੰਸਾਰ ਵਿੱਚ ਹੋਇਆ ਨਹੀਂ ਸੀ ਅਤੇ ਏਥੇ ਤਾਂ ਇਹ 1947 ਤੋਂ ਬਾਅਦ ਹੀ ਆਇਆ ਸੀ।

ਮਰਾਠਾ ਰਾਜ ਦੀਆਂ ਨੀਂਹਾਂ ਰੱਖੀਆਂ ਜਾਣ ਤੋਂ ਬਾਅਦ, ਤਕਰੀਬਨ 25 ਸਾਲਾਂ ਵਿੱਚ, ਦੱਖਣ ਦੇ ਪੰਜ ਹਿੰਦੂ ਰਾਜ ਮੁਸਲਮਾਨਾਂ ਦੇ ਮੁਕਾਬਲੇ ਵਿੱਚ ਢਹਿ-ਢੇਰੀ ਹੋ ਗਏ ਸਨ। ਦਿਉਗਿਰੀ ਦੇ ਰਾਮਦੇਵ ਰਾਉ ਨੂੰ ਅੱਲਾਹਉਦੀਨ ਖ਼ਿਲਜੀ ਨੇ 1294 CE ਵਿੱਚ ਹਰਾ ਕੇ ਅਧੀਨ ਕਰ ਲਿਆ ਸੀ। ਉਸ ਦੇ ਕਿੰਨਰ ਯੋਧੇ ਮਲਿਕ ਕਫ਼ੂਰ ਨੇ ਵਾਰੰਗਲ ਦੇ ਕਾਕੱਤੀਆ ਰਾਜ ਉੱਤੇ 1309 ਵਿੱਚ ਕਬਜ਼ਾ ਕਰ ਲਿਆ ਸੀ ਅਤੇ ਦੇਵਾ-ਸਮੁੰਦਰਨ ਦੇ ਹੋਇਆਸਾਲਾ ਰਾਜ ਉੱਤੇ 1310 CE ਵਿੱਚ। ਛੇਤੀ ਹੀ ਚੋਲਾ ਅਤੇ ਪਾਂਡਿਆ ਰਾਜ ਆਪਣੀ ਹੋਂਦ ਗਵਾ ਚੁੱਕੇ ਸਨ। ਸਾਢੇ ਸੋਲ਼ਾਂ ਸਦੀਆਂ ਦੀ ਕਰੜੀ ਮਿਹਨਤ ਨਾਲ ਉਸਾਰੇ ਇਹ ਰਾਜ ਮਹਿਜ਼ 25 ਸਾਲਾਂ ਵਿੱਚ ਕਿਉਂ ਖਾਕ ਹੋ ਗਏ, ਇਹ ਹਿੰਦੂ ਰਾਸ਼ਟਰ ਪ੍ਰੇਮੀਆਂ ਨੇ ਅੱਜ ਤੱਕ ਨਹੀਂ ਵਿਚਾਰਿਆ। ਜੇ ਅੱਜ ਵੀ ਵਿਚਾਰਨਗੇ ਤਾਂ ਜਾਣਨਗੇ ਕਿ "ਬਾਝ ਗੁਰੂ ਡੁਬਾ ਜਗੁ ਸਾਰਾ"। ਗੁਰੂ-ਅਕਾਲ ਪੁਰਖ ਦੀ ਸਿੱਖਿਆ ਉੱਤੇ ਕੰਨ ਨਾ ਧਰਨਾ ਇਸ ਹਾਦਸੇ ਦਾ ਇੱਕੋ-ਇੱਕ ਕਾਰਨ ਸੀ। ਜਨਵਰੀ 22, 1565 CE ਨੂੰ, ਤਲੀਕੋਟਾ ਦੀ ਹਾਰ ਤੋਂ ਬਾਅਦ ਤਾਂ ਸਾਰਾ ਦੱਖਣ ਮੁਸਲਮਾਨਾਂ ਦੀ ਈਨ ਮੰਨ ਚੁੱਕਾ ਸੀ। ਗੱਲ ਏਥੋਂ ਤੱਕ ਅੱਪੜ ਚੁੱਕੀ ਸੀ ਕਿ ਬਾਹਮਣੀ ਰਾਜੇ ਇਬ੍ਰਾਹਿਮ ਆਦਲਸ਼ਾਹ ਨੂੰ ਹਿੰਦੂ ਜਗਤ-ਗੁਰੂ ਆਖ ਕੇ ਸਤਿਕਾਰ ਦੇਣ ਲੱਗ ਪਏ ਸਨ। ਜੇ ਮਰਾਠਾ ਜਗਤ ਵਿੱਚ ਵਿਚਾਰਧਾਰਕ ਕ੍ਰਾਂਤੀ ਆ ਚੁੱਕੀ ਹੁੰਦੀ ਤਾਂ ਇਹ ਸਾਰਾ ਕੁਝ ਸੰਭਵ ਨਹੀਂ ਸੀ ਹੋਣਾ। ਇਸ ਸੰਦਰਭ ਵਿੱਚ ਸ਼ਿਵਾਜੀ ਦਾ 28 ਜਨਵਰੀ 1677 ਦਾ ਗਸ਼ਤੀ ਪੱਤਰ, ਜਿਸ ਨੂੰ

ਸਖਾਰਾਮ ਕੁਲਕਰਨੀ ਨੇ ਛਾਪਿਆ ਹੈ, ਪੜ੍ਹਨ ਵਾਲਾ ਹੈ। ਇਸ ਵਿੱਚ ਸ਼ਿਵਾਜੀ ਸਾਰੇ ਸਮਾਜ ਨੂੰ ਤਾਕੀਦ ਕਰ ਰਹੇ ਹਨ ਕਿ ਨਵੇਂ ਰਾਹ ਨਾ ਖ਼ੋਜੇ ਜਾਣ ਅਤੇ ਸ਼ਾਸਤਰਾਂ ਦੇ ਦਰਸਾਏ ਮਾਰਗ ਉੱਤੇ ਟੇਕ ਰੱਖੀ ਜਾਵੇ। ਮਹਾਰਾਸ਼ਟਰ ਵਿੱਚ ਆਈ ਅਖੌਤੀ ਸਿਆਸੀ ਅਤੇ ਸਭਿਆਚਾਰਕ ਕ੍ਰਾਂਤੀ ਬਾਰੇ ਏਦੂੰ ਵੱਧ ਕੁਝ ਆਖਣ ਦੀ ਲੋੜ ਨਹੀਂ।

ਸਰ ਰਿਚਰਡ ਟੈਂਪਲ (Oriental Experience, ਸਫ਼ਾ 339) ਆਖਦਾ ਹੈ ਕਿ ਨਿਰਦੈਤਾ ਮਰਾਠਾ ਸੁਭਾਅ ਦਾ ਅਨਿੱਖੜ ਅੰਗ ਬਣ ਚੁੱਕੀ ਸੀ ਅਤੇ ਲੁੱਟ-ਮਾਰ ਦੀ ਪਰੰਪਰਾ ਇਹਨਾਂ ਨੂੰ ਸਦੀਆਂ ਦੀ ਵਿਰਾਸਤ ਵਜੋਂ ਮਿਲੀ ਸੀ। ਸ਼ਿਵਾਜੀ ਦੇ ਪੂਰਵਜ ਮਾਲੋਜੀ ਅਤੇ ਸ਼ਾਹਜੀ ਭੋਂਸਲੇ 1608 ਤੋ 1638 ਤੱਕ ਦੇ ਨਿਜ਼ਾਮਸ਼ਾਹੀਆਂ ਅਤੇ ਸ਼ਾਹ ਜਹਾਨ ਦੇ ਭੇੜ ਵਿੱਚੋਂ ਪੈਦਾ ਹੋਏ ਸਨ। ਇਹ ਮਲਿਕ ਅੰਬਰ ਦੇ ਮਦਦਗਾਰਾਂ ਵਜੋਂ ਸਿਆਸੀ ਮੰਚ ਉੱਤੇ ਪ੍ਰਗਟ ਹੋਏ ਸਨ।

1630-1632 CE ਤੱਕ ਸ਼ਾਹਜੀ ਨੇ ਨਿਜ਼ਾਮਸ਼ਾਹੀਆਂ ਨੂੰ ਤਿਆਗ ਕੇ ਮੁਗ਼ਲ ਮਨ-ਸਬਦਾਰ ਵਜੋਂ ਕੰਮ ਕੀਤਾ। ਬਾਕੀ ਉਮਰ ਓਸ ਨੇ ਬੀਜਾਪੁਰ ਦੇ ਵਫ਼ਾਦਾਰ ਨੌਕਰ ਵਜੋਂ ਬਤੀਤ ਕੀਤੀ। ਸ਼ਿਵਾਜੀ ਦੇ ਆਜ਼ਾਦ ਰਾਜ ਸਥਾਪਤ ਕਰਨ ਦੇ ਮਨਸੂਬੇ ਨਾਲ ਉਹ ਇਤਫ਼ਾਕ ਰੱਖਦਾ ਸੀ ਪਰ ਇਸ ਵਿਚਾਰ ਦੀ ਓਸ ਨੇ ਮਾਲਕਾਂ ਨੂੰ ਭਿਣਕ ਵੀ ਨਾ ਪੈਣ ਦਿੱਤੀ।

ਏਵੇਂ ਜਿਵੇਂ ਹੀ ਸ਼ਿਵਾਜੀ ਦੀ ਹਿੰਦੂ-ਰਾਸ਼ਟਰਵਾਦੀ ਛਬੀ ਰੇਤ ਦੀ ਨੀਂਹ ਉੱਤੇ ਉਸਰੀ ਹੋਈ ਹੈ। ਬੀਜਾਪੁਰ ਦੇ ਮੁਸਲਮਾਨ ਹੁਕਮਰਾਨ ਨੂੰ ਸਿਜਦਾ ਨਾ ਕਰਨ ਨੂੰ ਬੇਲੋੜੀ ਤੂਲ ਦਿੱਤੀ ਜਾਂਦੀ ਹੈ ਅਤੇ ਇਹ ਨਹੀਂ ਦੱਸਿਆ ਜਾਂਦਾ ਕਿ ਓਸ ਦੇ ਪਿਤਾ ਨੇ ਨਾਦਾਨੀ ਲਈ ਮੁਆਫ਼ੀ ਮੰਗੀ ਅਤੇ ਪੁੱਤ ਦੀ ਥਾਂਵੇਂ ਸਿਜਦਾ ਕੀਤਾ। ਸ਼ਿਵਾਜੀ ਦੀ ਜੀਵਨੀ ਦੇ 1664

ਤੱਕ ਦੇ ਪਹਿਲੇ ਭਾਗ ਦਾ ਰਾਸ਼ਟਰਵਾਦੀ ਉਫ਼ਾਨ ਕੇਵਲ ਸ਼ਬਦੀ ਜਾਦੂਗਰੀ ਰਾਹੀਂ ਉਸਾਰਿਆ ਬਿਰਤਾਂਤ ਹੈ।

ਮੌਰੀਆ ਵੰਸ਼ ਦੇ ਯਸ਼ਵੰਤ ਰਾਉ ਅਤੇ ਓਸ ਦੇ ਦੋ ਪੁੱਤਾਂ, ਕ੍ਰਿਸ਼ਨਾਜੀ ਅਤੇ ਬਾਜੀ, ਦੇ ਧੋਖੇ ਨਾਲ ਕੀਤੇ ਕਤਲ ਸ਼ਿਵਾਜੀ ਦੇ ਚੋਲੇ ਉੱਤੇ ਸਦੀਵੀ ਦਾਗ਼ ਹਨ ਜੋ ਕਦੇ ਧੋਤੇ ਨਹੀਂ ਜਾਣਗੇ। ਓਸ ਦਾ ਇਲਜ਼ਾਮ, ਕਿ ਇਹ ਦੋਨੋਂ ਬੀਜਾਪੁਰੀਆਂ ਨਾਲ ਸਾਜ਼ਿਸ਼ਾਂ ਕਰ ਰਹੇ ਸਨ, ਗ਼ਲਤ ਸੀ। ਇਸੇ ਤਰ੍ਹਾਂ 10 ਨਵੰਬਰ 1659 ਨੂੰ ਕੀਤਾ ਅਫ਼ਜ਼ਲ ਖ਼ਾਨ ਦਾ ਕਤਲ ਵੀ ਵੱਡਾ ਭੀਮਕਾਯ ਧੱਬਾ ਹੈ। ਖ਼ਾਨ ਦੇ ਦੂਤ ਕ੍ਰਿਸ਼ਨਜੀ ਪੰਤ ਕੋਲ ਪਿਆਰ ਨਾਲ ਸਤਿਕਾਰ ਵਾਲੇ ਸੰਬੰਧ ਸਥਾਪਤ ਕਰਨ ਅਤੇ ਸ਼ਿਵਾਜੀ ਨੂੰ ਸੰਕਟ ਵਿੱਚੋਂ ਕੱਢਣ ਲਈ ਕੀਤੀ ਬੇਨਤੀ ਤੋਂ ਬਾਅਦ ਦੀ ਮੁਲਾਕਾਤ ਵਿੱਚ ਨਿਹੱਥੇ ਖ਼ਾਨ ਦੇ ਬੱਧਨਖ਼ੇ ਨਾਲ ਕੀਤੇ ਕਤਲ ਨੂੰ ਕਿਸੇ ਪੱਖੋਂ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

ਦਸਮੇਸ਼ ਦੇ ਅਕਾਲ ਸਰੂਪ ਦਾ ਤਾਂ ਕਿਸੇ ਨੇ ਕੀ ਹਾਣੀ ਹੋਣਾ ਸੀ, ਤੁਹਾਡੇ ਪੂਜਣਯੋਗ ਰਾਜੇ ਅਤੇ ਕਈ ਅਵਤਾਰ ਤਾਂ ਓਸ ਦੇ ਮਨੁੱਖੀ ਜਾਮੇ ਅਨੁਸਾਰ ਕੀਤੇ ਕਰਤਬਾਂ ਨੂੰ ਵੀ ਨਹੀਂ ਅੱਪੜ ਸਕਦੇ। ਓਸ ਨੇ ਜੰਗਾਂ-ਯੁੱਧਾਂ ਵਿੱਚ ਦੁਸ਼ਮਣ ਸਮੇਤ ਹਰ ਜ਼ਖ਼ਮੀ ਸਿਪਾਹੀ ਦੀ ਮਦਦ ਕਰਨ ਲਈ ਭਾਈ ਘਨੱਈਆ ਅਧੀਨ ਸੇਵਕ ਜਥਾ ਬਣਾਇਆ ਸੀ। ਉਹ ਕੇਵਲ ਸੰਤ-ਸਿਪਾਹੀ ਸੂਰਮਾ ਹੀ ਨਹੀਂ ਸੀ ਬਲਕਿ ਇੱਕ ਯੋਧਾ ਵੀ ਸੀ ਜਿਹੜਾ ਚੜ੍ਹ ਕੇ ਆਏ ਦੇ ਤੀਰ ਮਾਰਦਾ ਸੀ ਤਾਂ ਉਹ ਵੀ ਡਾਢੀ ਹਮਦਰਦੀ ਨਾਲ। ਓਸ ਦੇ ਤੀਰ ਦੀ ਮੁੱਖੀ ਦੇ ਪਿੱਛੇ ਕਾਨੀ ਉੱਤੇ ਸਵਾ ਤੋਲਾ ਸਿਓਨਾ ਲੱਗਿਆ ਹੁੰਦਾ ਸੀ ਜੋ ਮਾਰੇ ਜਾਣ ਵਾਲੇ ਦੇ ਕਫ਼ਨ ਆਦਿ ਦੇ ਖਰਚ ਵਾਸਤੇ ਅਤੇ ਜ਼ਖ਼ਮੀ ਹੋ ਕੇ ਬਚ ਜਾਣ ਵਾਲੇ ਦੇ ਇਲਾਜ ਲਈ ਹੁੰਦਾ ਸੀ। ਮਾਨਵਤਾ ਦੀ ਸ਼ਾਨ, ਐਸੇ ਮਰਦ ਅਗੰਮੜੇ ਦੀ

ਤੌਹੀਨ ਕਰਨ ਤੋਂ ਪਹਿਲਾਂ ਤੁਹਾਨੂੰ ਡੁੱਬ ਕੇ ਨਹੀਂ ਮਰ ਜਾਣਾ ਚਾਹੀਦਾ!

ਅਕਾਲ ਪੁਰਖ ਗੁਰੂ ਗੋਬਿੰਦ ਸਿੰਘ ਨੂੰ ਚਾਲੀ ਸਿੰਘਾਂ ਸਮੇਤ, ਚਮਕੌਰ ਦੀ ਕੱਚੀ ਗੜ੍ਹੀ ਵਿੱਚ ਦਸ ਲੱਖ ਪਹਾੜੀ ਰਾਜਿਆਂ ਅਤੇ ਔਰੰਗਜ਼ੇਬ ਦੀ ਸਾਂਝੀ ਫ਼ੌਜ ਦਾ ਘੇਰਾ ਪੈ ਜਾਂਦਾ ਹੈ। ਉਹ ਵੇਲਾ ਆ ਗਿਆ ਜਦੋਂ ਦੋ ਸਾਹਿਬਜ਼ਾਦਿਆਂ ਅਤੇ 33-34 ਸਿੱਖਾਂ ਦੀਆਂ ਲਾਸ਼ਾਂ, ਸੈਂਕੜੇ ਦੁਸ਼ਮਣਾਂ ਦੀਆਂ ਲਾਸ਼ਾਂ ਸਮੇਤ, ਗੜ੍ਹੀ ਦੇ ਚਾਰ-ਚੁਫ਼ੇਰੇ ਪਈਆਂ ਹਨ। ਪਰ ਉਹ ਆਖ਼ਰ ਤੱਕ ਲੜਨ ਦੀ ਤਿਆਰੀ ਕਰਦਾ ਹੈ। ਓਸ ਨੂੰ ਖ਼ਾਲਸੇ ਦਾ ਇਲਾਹੀ ਹੁਕਮ ਮਿਲਦਾ ਹੈ। ਉਹ ਇਕੱਲਾ-ਕਹਿਰਾ ਹੱਥ ਨੰਗੀ ਤਲਵਾਰ ਲੈ ਕੇ ਗੜ੍ਹੀ ਵਿੱਚੋਂ ਨਿਕਲ ਜਾਂਦਾ ਹੈ ਅਤੇ ਆਪਣੀ ਧੁਰੋਂ ਬਖ਼ਸ਼ੀ ਆਜ਼ਾਦ ਹਸਤੀ ਨੂੰ ਤਾ-ਜ਼ਿੰਦਗੀ ਖ਼ਮ ਨਹੀਂ ਆਉਣ ਦਿੰਦਾ।

ਔਰੰਗਜ਼ੇਬ ਦਾ ਸਿਪਾਹ-ਸਲਾਰ ਸ਼ਿਵਾਜੀ ਨੂੰ ਮੁਰਾਰ ਬਾਜੀ ਦਾ ਧੜ, ਬਿਨਾ ਸਿਰ ਦੇ, ਪੁਰੰਦਰ ਭੇਜਦਾ ਹੈ। ਅਗਲੀ ਖ਼ਬਰ ਇਹ ਹੈ ਕਿ 11 ਜੂਨ 1665 ਨੂੰ ਸ਼ਿਵਾਜੀ, ਛੇ ਬ੍ਰਾਹਮਣ ਸਲਾਹਕਾਰਾਂ ਅਰਥਾਤ ਵਜ਼ੀਰਾਂ ਨੂੰ ਆਪਣੀ ਪਾਲਕੀ ਦੇ ਨਾਲ ਲੈ ਕੇ, ਔਰੰਗਜ਼ੇਬ ਦੇ ਲਸ਼ਕਰ ਦੇ ਵਿੱਚ ਵਿਚਾਲੇ ਗੱਡੇ ਸਿਪਾਹ-ਸਲਾਰ ਮਿਰਜ਼ਾ ਰਾਜਾ ਜੈ ਸਿੰਘ ਦੇ ਤੰਬੂ ਵਿੱਚ ਪਹੁੰਚ ਕੇ ਆਤਮਸਮਰਪਣ ਕਰ ਦਿੰਦਾ ਹੈ।

ਸ਼ਿਵਾਜੀ ਬਾਰੇ ਅਸੀਂ ਸਿੱਖ ਏਨਾਂ ਕੁਝ ਅਤੇ ਇਸ ਤੋਂ ਵੱਧ ਵੀ ਜਾਣਦੇ ਹਾਂ। ਤੁਸੀਂ ਸਾਡੇ ਦੇਸ਼ ਵਾਸੀ ਹਮਸਾਏ ਹੋ। ਅਸੀਂ ਤੁਹਾਡੀਆਂ ਧਾਰਮਕ, ਸਮਾਜਕ ਮਨੌਤਾਂ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਹਾਂ, ਜਿਨ੍ਹਾਂ ਅਧੀਨ ਤੁਸੀਂ ਅਜਿਹੇ ਲੋਕਾਂ ਨੂੰ ਪੂਜਣਯੋਗ ਸਮਝਦੇ ਹੋ। ਤੁਹਾਨੂੰ ਸਭ ਕੁਝ ਮੁਬਾਰਕ! ਤੁਸੀਂ ਸ਼ਿਵਾਜੀ ਨੂੰ ਇਸ ਤੋਂ ਵੀ ਵੱਡਾ ਰੁਤਬਾ ਬਖ਼ਸ਼ੋ। ਅਸੀਂ ਆਪਣੇ-ਆਪ ਨੂੰ ਸੰਕੋਚ ਕੇ ਇਸ ਅਜਬ ਤਮਾਸ਼ੇ ਨੂੰ ਬਿਨਾ ਟਿੱਪਣੀ ਹਜ਼ਮ ਕਰਨ

ਦੀ ਸਮਰੱਥਾ ਰੱਖਦੇ ਹਾਂ। ਇੱਕ ਸਦੀ ਤੋਂ ਅਸੀਂ ਇਤਰਾਜ਼ ਜ਼ਾਹਰ ਕਰਦੇ ਆ ਰਹੇ ਹਾਂ। ਅਸੀਂ ਅਕਾਲਪੁਰਖ-ਦਸਮੇਸ਼ ਦੀ ਮਨੋ-ਸਿਰਜੀ ਤਸਵੀਰ ਦੇ ਬਰਾਬਰ ਲਗਾਈ ਜਾਣ ਨੂੰ ਹੁਣ ਬਰਦਾਸ਼ਤ ਨਹੀਂ ਕਰਨਾ ਚਾਹੁੰਦੇ। ਇਸ ਦਾ ਇੱਕ ਸਬੱਬ ਇਹ ਹੈ ਕਿ ਤੁਹਾਡੇ ਸਮਾਰਾਜ ਵਿੱਚ ਜਾਂ ਤੁਹਾਡੀ ਸਪਸ਼ਟ ਸਹਿਮਤੀ ਨਾਲ ਸਾਡੇ ਉੱਤੇ 1947 ਤੋਂ ਬਾਅਦ ਕੀਤੇ ਜ਼ੁਲਮਾਂ ਨੂੰ ਅਸੀਂ ਮੁਗ਼ਲ, ਅਫ਼ਗਾਨ ਅਤੇ ਅੰਗ੍ਰੇਜ਼ ਸਾਮਰਾਜਾਂ ਨਾਲੋਂ ਵੀ ਵੱਧ ਖ਼ੂੰਖਾਰ ਅਤੇ ਜ਼ਾਲਮਾਨਾ ਜਾਣਦੇ ਹਾਂ।

ਔਰੰਗਜ਼ੇਬ ਦੇ ਜ਼ਮਾਨੇ ਵਿੱਚ ਸਾਡੀਆਂ ਮਾਤਾਵਾਂ, ਭੈਣਾਂ ਦਿੱਲੀ ਵਿੱਚ ਵੀ ਸਨਮਾਨ ਨਾਲ ਰਹਿ ਸਕਦੀਆਂ ਸਨ। ਤੁਹਾਡੇ ਸੁਪਰੀਮ ਕੋਰਟ, ਰਾਸ਼ਟਰਪਤੀ ਭਵਨ ਅਤੇ ਤਿਰੰਗੇ ਦੇ ਪਰਛਾਵੇਂ ਜੋ ਸਾਡੇ ਨਾਲ 1984 ਵਿੱਚ ਅਤੇ ਗਾਹੇ-ਬਗਾਹੇ ਬੀਤਿਆ ਹੈ, ਨੂੰ ਸਾਡੀਆਂ ਨਸਲਾਂ ਯਾਦ ਰੱਖਣਗੀਆਂ। ਅੱਜ ਅਸੀਂ ਆਪਣੇ ਕਕਾਰ ਧਾਰ ਕੇ ਤੁਹਾਡੇ ਉਸ ਲਾਲ ਕਿਲ੍ਹੇ ਵਿੱਚ ਨਹੀਂ ਵੜ ਸਕਦੇ ਜਿਸ ਵਿੱਚ ਸਾਡਾ ਬਘੇਲ ਸਿੰਘ ਸ਼ਸਤਰਾਂ-ਬਸਤਰਾਂ ਨਾਲ ਲੈਸ ਸਿੰਘਾਂ ਦਾ ਜਥਾ ਲੈ ਕੇ ਮੁਗ਼ਲ ਬਾਦਸ਼ਾਹ ਦੇ ਸੱਦੇ ਉੱਤੇ, ਹਰਮ ਦੀਆਂ ਬੇਗ਼ਮਾਂ ਨੂੰ ਦਰਸ਼ਨ ਦੇਣ ਲਈ, ਸਨਮਾਨ ਨਾਲ, ਸਤਿਕਾਰ ਨਾਲ ਦਾਖ਼ਲ ਹੋਇਆ ਸੀ। ਇੱਕ-ਇੱਕ ਕਰ ਕੇ ਸਾਡੇ ਗੁਰਦਵਾਰੇ 'ਹਿੰਦੂ ਪਦ ਪਾਦਸ਼ਾਹੀ' ਨੂੰ ਪ੍ਰਵਾਨ ਕਰ ਕੇ ਚੱਲਦੇ ਰਾਜ ਨੇ ਢਾਹ ਦਿੱਤੇ ਹਨ। ਗੁਰੂ ਤੇਗ਼ ਬਹਾਦਰ ਨੂੰ ਤੁਸੀਂ ਜ਼ੁਬਾਨੀ-ਕਲਾਮੀ ਹਿੰਦ ਦਾ ਧਰਮ-ਰੱਖਿਅਕ ਆਖਦੇ ਹੋ ਪਰ ਗੁਰੂ ਗ੍ਰੰਥ ਰੂਪ ਹੋ ਬਿਰਾਜਮਾਨ ਤੇਗ਼ ਬਹਾਦਰ ਦੇ ਸੀਸ ਗੰਜ ਅਤੇ ਅਨੇਕਾਂ ਹੋਰ ਥਾਂਵੇਂ ਤੁਹਾਡੇ ਭੂਤਰੇ ਛੋਕਰੇ ਪੱਥਰਾਂ, ਰੋੜਿਆਂ ਅਤੇ ਨਫ਼ਰਤ ਦੀ ਬਰਖਾ ਕਈ-ਕਈ ਵਾਰ ਕਰ ਚੁੱਕੇ ਹਨ।

ਅਸੀਂ, ਮਾਨਵਤਾ ਦੇ ਸੇਵਕ, ਗੁਰੂ ਦੀ ਢਾਈ ਸੌ ਸਾਲ ਦੀ ਘਾਲਣਾ ਵਿੱਚੋਂ ਪੈਦਾ

ਹੋਏ ਹਾਂ। ਅਸੀਂ ਆਪਣਾ ਸੁਭਾਅ ਕਦੇ ਨਹੀਂ ਤਿਆਗਣਾ ਕਿਉਂਕਿ ਇਹ ਸਾਡਾ ਧਰਮ ਹੈ। ਤੁਸੀਂ ਆਪਣੀਆਂ ਨਫ਼ਰਤਾਂ ਨਹੀਂ ਤਿਆਗਣੀਆਂ। ਤੁਹਾਡੇ ਸੁਭਾਅ ਪੰਜ-ਸੱਤ ਹਜ਼ਾਰ ਸਾਲਾਂ ਦੀ ਉਪਾਸਨਾ ਵਿੱਚੋਂ ਨਿਕਲ ਕੇ ਮੌਜੂਦਾ ਸ਼ਕਲ ਅਖ਼ਤਿਆਰ ਕਰ ਚੁੱਕੇ ਹਨ। ਇਸ ਸਬੰਧ ਵਿੱਚ ਅਸੀਂ ਸਿਰਫ਼ ਏਹੀ ਆਖਣਾ ਹੈ ਕਿ ਸਾਡੇ ਨਾਲ ਜਿੰਨੀਆਂ ਦੂਰੀਆਂ ਘਟਾ ਸਕਦੇ ਹੋ ਘਟਾ ਲਵੋ। ਜਿਸ ਕਦਰ ਤੁਸੀਂ ਆਪਣੇ ਪੈਰਾਂ ਉੱਤੇ ਆਪਣੀ ਰਾਜਸੱਤਾ ਦੀਆਂ ਕੁਹਾੜੀਆਂ ਮਾਰ ਰਹੇ ਹੋ, ਤੁਹਾਡਾ ਨੇੜੇ ਭਵਿੱਖ ਵਿੱਚ ਫੇਰ ਗ਼ੁਲਾਮ ਹੋਣਾ ਲੋਹੇ ਉੱਤੇ ਲਕੀਰ ਹੈ। ਅੱਗੇ ਵਾਂਙੂੰ ਤੁਹਾਨੂੰ ਫੇਰ ਕਿਸੇ ਦੇਵੀ-ਦੇਵਤੇ ਨੇ ਨਹੀਂ ਬਹੁੜਨਾ। ਆਖ਼ਰ ਦਸਮੇਸ਼ ਦੇ ਸਪੂਤਾਂ ਨੇ ਹੀ ਤੁਹਾਡੇ ਸੰਕਟ ਨਿਵਾਰਣ ਲਈ ਜੂਝਣਾ ਹੈ। ਕਲਗ਼ੀਧਰ ਦਸਮੇਸ਼ ਦੀ ਛਬੀ ਨੂੰ ਮਿਟਾਉਣ ਦੇ ਇਰਾਦੇ ਤਿਆਗ ਦਿਉ ਅਤੇ ਸਭ ਤੋਂ ਪਹਿਲੇ ਸਬੂਤ ਵਜੋਂ ਆਪਣੀਆਂ ਸ਼ਾਖਾਵਾਂ ਵਿੱਚੋਂ ਦਸਮੇਸ਼ ਦੀ ਆਖ ਕੇ ਲਾਈ ਮੂਰਤ ਨੂੰ ਸ਼ਿਵਾਜੀ ਅਤੇ ਰਾਣਾ ਪ੍ਰਤਾਪ ਦੇ ਬਰਾਬਰ ਲਗਾਉਣਾ ਤੁਰੰਤ ਬੰਦ ਕਰ ਦੇਵੋ। ਇਹ ਕੋਝਾ ਬੇਢੱਬਾ ਪਾਖੰਡ ਤੁਰੰਤ ਬੰਦ ਹੋਣਾ ਜ਼ਰੂਰੀ ਹੈ।

ਜੇ ਤੁਸੀਂ ਸਮਝਦੇ ਹੋ ਕਿ ਸ਼ਿਵਾਜੀ ਅਤੇ ਰਾਣਾ ਪ੍ਰਤਾਪ ਨਾਲ ਕਿਸੇ ਸਿੱਖ ਦੀ ਤਸਵੀਰ ਲੱਗਣੀ ਜ਼ਰੂਰੀ ਹੈ ਤਾਂ ਅਸੀ ਦਿਲ ਉੱਤੇ ਪੱਥਰ ਰੱਖ ਕੇ, ਸੂਰੇ ਗੁਰਸਿੱਖ ਦਾ ਰੁਤਬਾ ਲੋੜ ਮੁਤਾਬਕ ਘਟਾ ਕੇ, ਨਾਭੇ ਵਾਲੇ ਮਹਾਰਾਜੇ ਰਿਪੂਦਮਨ ਸਿੰਘ ਦੀ ਤਸਵੀਰ ਲਗਾਉਣ ਨੂੰ ਬਰਦਾਸ਼ਤ ਕਰਨ ਲਈ ਤਿਆਰ ਹਾਂ — ਉਹ ਵੀ ਸਾਡੀ 'ਸਗਲ ਸੰਗਿ ਹਮ ਕਉ ਬਨਿ ਆਈ' ਦੀ ਨੀਤੀ ਤਹਿਤ। ਇਸ ਤਜਵੀਜ਼ ਨੂੰ ਮੰਨਣ ਨਾਲ ਤੁਹਾਡੇ ਰਾਜਿਆਂ ਦਾ ਜ਼ਿਕਰ ਸਾਡੇ ਢਾਡੀਆਂ ਦੀ ਢੱਡ ਉੱਤੇ ਚੜ੍ਹ ਜਾਏਗਾ ਅਤੇ ਗਿੱਧਿਆਂ, ਟੱਪਿਆਂ ਵਿੱਚ ਅਮਰ ਹੋ ਜਾਵੇਗਾ। ਪੰਜਾਬ ਸਿੰਘ ਦੀਆਂ ਸਾਊ ਬੱਚੀਆਂ ਦੇ ਗਿੱਧਿਆਂ

ਵਿੱਚ ਇਸ ਕਿਸਮ ਦੇ ਟੱਪੇ ਜੁੜ ਜਾਣਗੇ।

'ਬਾਰ੍ਹੀਂ ਬਰਸੀਂ ਖੱਟਣ ਗਿਆ ----,
ਖੱਟ ਕੇ ਲਿਆਇਆ ਫੀਤੇ।
ਰਾਜੇ ਥੋਡੇ ਗਿੱਠ ਮੁੱਠੀਏ,
ਅਸੀਂ ਖਿੱਚ ਕੇ ਬਰੋਬਰ ਕੀਤੇ।'

ਉਮੀਦ ਹੈ ਕਿ ਰ.ਸ.ਸ. ਯੋਗ ਹੁੰਗਾਰਾ ਭਰੇਗੀ!



**Shri Brahman Sabha (Regd.) Chandigarh**
Parshu Ram Bhawan, Sector 37-C

**MARTYRDOM DAY**

RSS

SRI GURU MATI DASS SHARMA

*Shri Brahman Sabha Chandigarh Pay Tribute to their*
Great - O - Great Forefather Guru Mati Dass -
Guru Sati Dass - Guru Dyal Dass - Guru Jaita Bhrigu
who sacrifice their lives at Chandani Chowk, Delhi on 7-8 November, 1675

**The Righteousness of Hinduism.**

*They were split apart with saw-burnt alive in Cotton Bag and boiled alive in big frying pan by Aurangjeb.*


RSS
सात
सितारे
गगन के


ਰਾਸ਼ਟਰ ਜਾਗਰਣ
ਅਭਿਆਨ
ਯੁਗਾਬਦ-5102
RSS
ੴ




सर्वहितकारी शिक्षा समिति ( पंजी. )
1046 सैक्टर 21 बी, चण्डीगढ़ दूरभाष : 713186,701861
RSS
ॐ


एकता गणेशोत्सव मंडळ, हिलटॉप, नागपूर
स्वागतोत्सुक
प्रकाश गजभिये
गुरुव्दारा गुरुनानक
दरबार
RSS


RSS


वीर बन्दा वैरागी
RSS

E HINDUSTAN TIMES, SATURDAY, JANUARY 8, 1949.

# "SECRET ACTIVITIES" CANNOT BE TOLERATED

## Sikh Leader's Advice To R.S.S. Agitators

(By Our Staff Correspondent)

Declaring that the hands of the administration must be strengthened and that it must be relieved of any apprehension of internal breakdown, Sardar Sant Singh, President of the Nationalist Sikh Party, and Dewan Bhanjuram Gandhi, ex Minister, N.W.F.P., have issued a joint statement on the law-breaking activities of the R.S.S.

While recognizing that young men were prepared to undergo suffering for the sake of the country, they observe: "Our young men in the R.S.S. should realize that no country can tolerate secret activities of any organization. We, therefore, appeal to those who are in a position to do so to immediately and unconditionally call off the movement leaving it to Sardar Patel to respond to their gesture. It is the plain duty of the administration to take suitable steps to divert the youth to useful channels."

Pandit Balkrishna Sharma, member of the Constituent Assembly, in a statement, after remarking that "no Government, in fact no society, can tolerate a secret organization to function in any country," draws the attention of the leader of the R.S.S. movement to the speech made by Sardar Patel at the Jaipur Congress. Pandit Sharma said it should not be difficult for the Sangh to give itself a democratic constiution and work in the open. It was not in the country's interest to go on creating difficulties for the National Government. The movement must be stopped. Once that is done the rest would follow as a matter of course.

H.T. 8-1-49.

## TARA SINGH ON PANTH IDEALS

(From Our Correspondent)

JULLUNDUR, Jan. 6.—Speaking at a religious conference held here in the Empress Gardens on Tuesday evening, Master Tara Singh, President, Shiromani Akali Dal, declared that Panth stood for the religious and political rights of Sikhs.

He said that he was not an enemy of Hindus; he always struggled to bring them close to Sikhs.

If Panth lost its separate entity, Sikhism would be extinguished, he said. He reiterated his demand for 50 per cent representation in legislatures, a separate Punjabi-speaking province and Gurmukhi as the court language and medium of instruction.

Master Tara Singh denounced the activities of the R.S.S.

IAP M.Sc. EXAM.


RSS होश में आओ। औरंगजेबी सोच भूल जाओ ।
मोहन भागवत होश में आओ 1947 ना दोहराओ
हिन्दु मुस्लिम
भारतीय हैं।
हिन्दु नहीं


RSS